# ਪੰਜਾਬੀ (004)

## X (ਦਸਵੀਂ)

# ਉੱਤਰ-ਕੁੰਜੀ: ਨਮੂਨੇ ਦਾ ਪ੍ਰਸ਼ਨ-ਪੱਤਰ (ਟਰਮ II)

## (ਮਾਰਚ-ਅਪ੍ਰੈਲ 2022)

**Time Allowed: 2 hours** | **Maximum Marks: 40**

**ਸਮਾਂ: 2 ਘੰਟੇ** | **ਕੁੱਲ ਅੰਕ: 40**

## ਭਾਗ ਪਹਿਲਾ: ਵਿਆਕਰਨ (Part A: Grammar) 4+6=10

### ਅਗੇਤਰ-ਪਿਛੇਤਰ:

1. **ਪੁੱਛੇ ਗਏ ਅਨੁਸਾਰ ਹੱਲ ਕਰੋ:**

(i). ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਅਗੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਨ, ਪੁਨਰ, ਬਾ

ਉੱਤਰ: ਅਨ: ਅਨਜਾਣ, ਅਨਜੋੜ

ਪੁਨਰ: ਪੁਨਰਵਾਸ, ਪੁਨਰਨਿਰਮਾਣ

ਬਾ: ਬਾਇੱਜ਼ਤ, ਬਾਦਸਤੂਰ

(ii). ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਪਿਛੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਵਟ, ਕਾਰੀ, ਬਾਜ਼

ਉੱਤਰ: ਆਵਟ: ਸਜਾਵਟ, ਬਣਾਵਟ

ਕਾਰੀ: ਗੁਣਕਾਰੀ, ਲਾਭਕਾਰੀ

ਬਾਜ਼: ਗੱਪਬਾਜ਼, ਧੋਖੇਬਾਜ਼ **2+2=4**

2. ਹੇਠ ਲਿਖਿਆਂ ਵਿੱਚੋਂ ਕਿਸੇ **ਛੇ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ:

(i) ਚਾਅ ਚੜ੍ਹਨਾ

(ii) ਚਿਹਰਾ ਉਤਰ ਜਾਣਾ

(iii) ਛਿੱਕੇ ਉੱਤੇ ਟੰਗਣਾ

(iv) ਛਹਿਬਰ ਲਾਉਣੀ

(v) ਜਾਨ ਮਾਰਨਾ

(vi) ਜ਼ਬਾਨ ਨੂੰ ਲਗਾਮ ਦੇਣਾ

(vii) ਝੰਡੇ ਗੱਡਣਾ

(viii) ਝੱਟ ਟਪਾਉਣਾ 1X6 = 6

**ਉੱਤਰ:**

(i) ਚਾਅ ਚੜ੍ਹਨਾ : ਪੁੱਤਰ ਦੇ ਜੱਜ ਬਣ ਜਾਣ ਦੀ ਖ਼ਬਰ ਸੁਣਦਿਆਂ ਹੀ ਜਸਵਿੰਦਰ ਨੂੰ ਚਾਅ ਚੜ੍ਹ ਗਿਆ।

(ii) ਚਿਹਰਾ ਉਤਰ ਜਾਣਾ : ਚੋਣਾਂ ਵਿੱਚ ਹਾਰ ਹੋ ਜਾਣ ਦਾ ਪਤਾ ਲੱਗਣ 'ਤੇ ਉਮੀਦਵਾਰ ਦਾ ਚਿਹਰਾ ਉਤਰ ਗਿਆ।

(iii) ਛਿੱਕੇ ਉੱਤੇ ਟੰਗਣਾ: ਅਜੋਕੀ ਨੌਜਵਾਨ ਪੀੜ੍ਹੀ ਨਿਯਮਾਂ-ਕਨੂੰਨਾਂ ਨੂੰ ਛਿੱਕੇ ਉੱਤੇ ਟੰਗਣ ਵਿੱਚ ਆਪਣੀ ਸ਼ਾਨ ਸਮਝਦੀ ਹੈ।

(iv) ਛਹਿਬਰ ਲਾਉਣੀ: ਸਾਡੇ ਪਿੰਡ ਦੇ ਮੇਲੇ ਵਿੱਚ ਲੋਕ-ਗਾਇਕਾਂ ਨੇ ਗੀਤਾਂ ਦੀ ਛਹਿਬਰ ਲਗਾ ਕੇ ਸਰੋਤਿਆਂ ਨੂੰ ਕੀਲ ਲਿਆ ।

(v) ਜਾਨ ਮਾਰਨਾ: ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਬਹੁਤ ਜਾਨ ਮਾਰਨੀ ਪੈਂਦੀ ਹੈ।

(vi) ਜ਼ਬਾਨ ਨੂੰ ਲਗਾਮ ਦੇਣਾ: ਜਿਹੜੇ ਵਿਅਕਤੀ ਆਪਣੀ ਜ਼ਬਾਨ ਨੂੰ ਲਗਾਮ ਦੇ ਕੇ ਰੱਖਦੇ ਹਨ, ਉਹ ਜੀਵਨ ਵਿੱਚ ਹਮੇਸ਼ਾਂ ਸੁਖੀ ਰਹਿੰਦੇ ਹਨ।

(vii) ਝੰਡੇ ਗੱਡਣਾ: ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਇਸ ਸਾਲ ਬੋਰਡ ਪਰੀਖਿਆਵਾਂ ਵਿੱਚ ਝੰਡੇ ਗੱਡ ਦਿੱਤੇ।

(viii) ਝੱਟ ਟਪਾਉਣਾ: ਕਰੋਨਾ-ਕਾਲ ਵਿੱਚ ਪੈਸੇ ਦੇ ਕਮੀ ਕਾਰਨ ਗ਼ਰੀਬ ਲੋਕਾਂ ਨੂੰ ਬਹੁਤ ਮੁਸ਼ਕਲ ਨਾਲ਼ ਆਪਣਾ ਝੱਟ ਟਪਾਉਣਾ ਪਿਆ।

## ਭਾਗ ਦੂਜਾ: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part B: Writing Skill) 8+7=15

3. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 8X1=8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ |

4. ਤੁਹਾਡੇ ਇਲਾਕੇ ਵਿੱਚ ਫੈਲ ਰਹੀ ਡੇਂਗੂ ਦੀ ਬਿਮਾਰੀ ਅਤੇ ਲੋਕਾਂ ਦੀ ਸਿਹਤ-ਜਾਂਚ ਕਰਨ ਲਈ, ਹਰ ਹਫ਼ਤੇ ਇੱਕ ਕੈਂਪ ਲਾਉਣ ਲਈ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਇੱਕ ਪੱਤਰ ਲਿਖੋ।

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ । 7X1=7

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਅਰੰਭਲਾ ਭਾਗ: | 2 ਅੰਕ |
| ਵਿਚਕਾਰਲਾ ਭਾਗ: | 4 ਅੰਕ |
| ਅੰਤਲਾ ਭਾਗ: | 1 ਅੰਕ |

## ਭਾਗ ਤੀਜਾ: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**(Part C: Text Books based questions) 3+4+4+4=15**

### ਕਵਿਤਾਵਾਂ ਵਿੱਚੋਂ:

**(ਪ੍ਰਸ਼ਨ ਨੰਬਰ 5 ਤੋਂ 8 ਤੱਕ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)**

5. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਅਨੁਸਾਰ ਸਭ ਥਾਵਾਂ 'ਤੇ ਸਾਡਾ ਰਾਖਾ ਕੌਣ ਹੈ ?

ਉੱਤਰ: ਪਰਮਾਤਮਾ

6. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਵਿੱਚ ਆਏ ਸ਼ਬਦ 'ਬੰਧਪੁ' ਦਾ ਕੀ ਅਰਥ ਹੈ ?

ਉੱਤਰ: ਰਿਸ਼ਤੇਦਾਰ

7. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਜਿਨ੍ਹਾਂ ਥਾਂਵਾਂ 'ਤੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਰਸੇ ਹਨ, ਉਹ ਥਾਂਵਾਂ ਕੀ ਕਰਨਯੋਗ ਹੋ ਗਈਆਂ ਹਨ ?

ਉੱਤਰ: ਪੂਜਣਯੋਗ

8. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਘਰ-ਘਰ ਅੰਦਰ ਬਣਾਈ ਧਰਮਸਾਲ ਵਿੱਚ ਸਦਾ ਕੀ ਹੁੰਦਾ ਰਹਿੰਦਾ ਹੈ ?

ਉੱਤਰ: ਕੀਰਤਨ 1X3=3

## ਕਹਾਣੀ ਤੇ ਵਾਰਤਕ ਵਿੱਚੋਂ:

## (ਪ੍ਰਸ਼ਨ ਨੰਬਰ 9 ਤੋਂ 11 ਤੱਕ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ)

9. 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ?

   ਉੱਤਰ: ਅਮਰੀਕ ਸਿੰਘ ਵੱਲੋਂ ਕਰਜ਼ੇ ਦੀ ਰਕਮ ਲਈ ਮੁਹਲਤ ਮੰਗਣ 'ਤੇ ਉਸ ਨੇ ਕਰਜ਼ੇ ਦੀ ਰਕਮ ਦੋ ਕਿਸ਼ਤਾਂ ਵਿੱਚ ਚੁਕਾਉਣ ਦੀ ਤੇ ਪਹਿਲੀ ਕਿਸ਼ਤ ਲਈ 15 ਦਿਨਾਂ ਦੀ ਮੁਹਲਤ ਦਿੱਤੀ।

10. ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ ?

   ਉੱਤਰ: ਸਿੱਖ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ ਤੇ ਸਾਰੀਆਂ ਰੀਤਾਂ-ਰਸਮਾਂ ਲਈ ਅਰਦਾਸ ਹੀ ਹੈ ਭਾਵੇਂ ਉਹ ਪਰਮਾਰਥਿਕ ਹੋਣ ਜਾਂ ਸੰਸਾਰਕ; ਜਿਵੇਂ ਜਨਮ, ਮਰਨ, ਵਿਆਹ, ਜੰਗ ਆਦਿ ਵੇਲੇ।

11. ਲੇਖਕ ਨੂੰ ਪਿੰਡ ਦੇ ਲੋਕ ਕਾਗਜ਼ੀ ਪਹਿਲਵਾਨ ਕਿਉਂ ਕਹਿੰਦੇ ਸਨ ?

   ਉੱਤਰ: ਕਿਉਂਕਿ ਲੇਖਕ ਦੇ ਦਾਦੇ-ਪੜਦਾਦੇ ਵੱਡੇ ਜੁੱਸੇ, ਤਕੜੇ ਸਰੀਰ ਵਾਲ਼ੇ ਪਹਿਲਵਾਨ ਕਿਸਮ ਦੇ ਲੋਕ ਸਨ ਜਿਨ੍ਹਾਂ ਦੇ ਉਲਟ ਲੇਖਕ ਦਾ ਸਰੀਰ ਮਾੜਾ ਜਿਹਾ ਸੀ ਭਾਵ ਇਕਹਿਰੇ ਜੁੱਸੇ ਵਾਲ਼ਾ ਸੀ ।

2X2=4

## ਵਾਰਤਕ ਵਿੱਚੋਂ (ਪ੍ਰਸ਼ਨ ਨੰਬਰ 12 ਤੇ 13 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ):

12. ਪਿੰਡ ਦੇ ਚੌਧਰੀ ਨੇ ਲੇਖਕ ਦੇ ਬਾਬੇ ਨੂੰ ਪਹਿਲਵਾਨ ਨਾਲ਼ ਘੁਲਣ ਲਈ ਕਿਉਂ ਕਿਹਾ ?

   ਉੱਤਰ: ਇੱਕ ਵਾਰੀ ਲੇਖਕ ਦੇ ਪਿੰਡ ਵਿੱਚ ਇੱਕ ਪਹਿਲਵਾਨ ਆਪਣੀ 'ਵਿਜੈ-ਪਤਾਕਾ' ਲਹਿਰਾਉਂਦਾ ਆਇਆ ਤੇ ਉਸ ਨੇ ਚੌਧਰੀ ਚੜ੍ਹਤ ਸਿੰਘ ਨੂੰ ਕਿਹਾ ਕਿ ਜੇ ਪਿੰਡ ਵਿੱਚ ਕੋਈ ਪਹਿਲਵਾਨ ਹੈ ਤਾਂ ਉਸ ਨਾਲ਼ ਘੁਲੇ ਨਹੀਂ ਤਾਂ ਉਸ ਨੂੰ ਪੱਕੀ ਰਸਤ ਦੇ ਕੇ ਤੋਰੋ। ਚੌਧਰੀ ਨੇ ਪਿੰਡ ਦੀ ਇੱਜ਼ਤ ਦਾ ਵਾਸਤਾ ਪਾ ਕੇ ਲੇਖਕ ਦੇ ਬਾਬੇ ਨੂੰ ਪਹਿਲਵਾਨ ਨਾਲ਼ ਘੁਲਣ ਲਈ ਕਿਹਾ।

13. ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ ?

   ਉੱਤਰ: ਪੋਥੀ ਵਿੱਚੋਂ ਇੱਕ ਤੁਕ ਨੂੰ ਪੜ੍ਹ ਕੇ ਉਸ ਨੂੰ ਸਮਝ ਆ ਗਿਆ ਕਿ ਪਰਮਾਤਮਾ ਕਿਰਪਾਲੂ ਹੈ, ਹਮੇਸ਼ਾਂ ਬਖਸ਼ਦਾ ਹੈ, ਦਇਆ ਕਰਦਾ ਹੈ, ਪਾਪੀ ਪੁੰਨ ਆਤਮਾ, ਸਭ ਨੂੰ ਆਸਰਾ ਦਿੰਦਾ ਹੈ। ਇਸ ਵਿਚਾਰ ਨੇ ਉਸ ਦਾ ਸਾਰਾ ਵਿਹਾਰ ਹੀ ਬਦਲ ਦਿੱਤਾ, ਜ਼ਿੰਦਗੀ ਬਦਲ ਦਿੱਤੀ, ਪਵਿੱਤਰ ਭਾਵ ਉਸ ਦੇ ਮਨ ਵਿੱਚ ਆ ਗਏ ਤੇ ਸਭ ਨਾਲ਼ ਚੰਗਾ ਵਿਹਾਰ ਕਰਨ ਲੱਗ ਪਿਆ ।

4X1=4

## ਇਕਾਂਗੀ ਵਿੱਚੋਂ:

### (ਪ੍ਰਸ਼ਨ ਨੰਬਰ 14 ਤੇ 15 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ)

14. ਨਿਹਾਲ ਕੌਰ ਅਤੇ ਮਨਜੀਤ ਕੌਰ ਦਾ ਕਿਸ ਗੱਲ ਤੋਂ ਤਕਰਾਰ ਚੱਲ ਰਿਹਾ ਸੀ ?

ਉੱਤਰ: ਨਿਹਾਲ ਕੌਰ ਆਪਣੀ ਨੂੰਹ ਨੂੰ ਰੋਟੀ-ਟੁੱਕ ਸਹੀ ਸਮੇਂ 'ਤੇ ਕਰਨ ਲਈ ਕਹਿੰਦੀ ਹੈ, ਅੱਗੋਂ ਮਨਜੀਤ ਕੌਰ ਵੱਲੋਂ ਹਾਲੇ ਦੱਸ ਹੀ ਵੱਜੇ ਹਨ, ਕਹਿਣ 'ਤੇ ਨਿਹਾਲ ਕੌਰ ਨੂੰ ਗੁੱਸਾ ਆ ਜਾਂਦਾ ਹੈ, ਉਹ ਕਹਿੰਦੀ ਹੈ ਕਿ ਉਸ ਦੇ ਪੁੱਤਰ ਨੂੰ ਮਨਜੀਤ ਨੇ ਵੱਸ ਵਿੱਚ ਕਰ ਲਿਆ ਹੈ ਤੇ ਏਨਾ ਸਿਰ ਚੜ੍ਹ ਗਈ ਹੈ ਕਿ ਕੰਮ ਵੀ ਘੜੀ ਵੇਖ ਕੇ ਕਰਦੀ ਹੈ।

15. . ਨਿਹਾਲ ਕੌਰ ਵੱਲੋਂ ਆਪਣੇ ਮੁੰਡੇ ਦਾ ਦੂਜਾ ਵਿਆਹ ਕਰਾਉਣ ਬਾਰੇ ਕਹਿਣ 'ਤੇ ਮਨਜੀਤ ਕੌਰ ਕੀ ਜਵਾਬ ਦਿੰਦੀ ਹੈ ?

ਉੱਤਰ: ਨਿਹਾਲ ਕੌਰ ਦੀ ਇਸ ਗੱਲ 'ਤੇ ਮਨਜੀਤ ਕੌਰ ਮਜ਼ਾਕ ਵਿੱਚ ਕਹਿੰਦੀ ਹੈ ਕਿ ਉਹ ਆਪਣੇ ਮੁੰਡੇ ਦਾ ਹੋਰ ਵਿਆਹ ਕਰਵਾਉਣਾ ਚਾਹੁਣ ਕਾਰਨ ਹੀ ਉਸ ਦੀ ਸਬਜ਼ੀ 'ਚ ਨੁਕਸ ਕੱਢਦੇ ਹਨ । ਉਹ ਕਹਿੰਦੀ ਹੈ ਕਿ ਚੰਗਾ ਹੈ ਰੋਜ਼ ਦਾ ਕਲੇਸ਼ ਵੀ ਮੁੱਕੇਗਾ ਤੇ ਉਹ ਸਭਾ ਦਾ ਕੰਮ ਕਰਨ ਨੂੰ ਹੋਰ ਵੀ ਵਿਹਲੀ ਹੋ ਜਾਏਗੀ।

4X1=4